# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਮੁਹੱਲਾ ਨਿਊ ਸੁਖੀਆਬਾਦ ਦੇ 99 ਨੀਲੇ ਕਾਰਡ ਧਾਰਕ ਲਾਭਪਾਤਰੀਆਂ ਨੂੰ ਮੇਅਰ ਸ਼ਿਵ ਸੂਦ ਨੇ ਰਾਸ਼ਨ ਦੀ ਵੰਡ ਕੀਤੀ।

ਹੁਸ਼ਿਆਰਪੁਰ 1 ਜਨਵਰੀ 2017 ਨਗਰ ਨਿਗਮ ਹੁਸ਼ਿਆਰਪੁਰ ਦੇ ਮੁਹੱਲਾ ਨਿਊ ਸੁਖੀਆਬਾਦ ਦੇ 99 ਨੀਲੇ ਕਾਰਡ ਹੋਲਡਰ ਲਾਭਪਾਤਰੀਆਂ ਨੂੰ ਅਕਾਲੀ-ਭਾਜਪਾ ਸਰਕਾਰ ਵੱਲੋ ਚਲਾਈ ਜਾ ਰਹੀ ਆਟਾ ਦਾਲ ਸਕੀਮ ਤਹਿਤ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਰਾਸ਼ਨ ਦੀ ਵੰਡ ਕੀਤੀ, ਇਸ ਮੋਕੇ ਤੇ ਉਹਨ੍ਹਾਂ ਨੇ ਦਸਿੱਆ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਗਰੀਬ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚਕੱਣ ਲਈ ਵੱਖ-ਵੱਖ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਕੇਂਦਰ ਸਰਕਾਰ ਵੱਲੋਂ ਗਰੀਬ ਪਰਿਵਾਰਾਂ ਨੂੰ ਮੁਫਤ ਗੈਸ ਕੁਨੈਕਸ਼ਨ ਅਤੇ ਪੰਜਾਬ ਸਰਕਾਰ ਵੱਲੋਂ ਮਾਤਾ ਖਿਵੀ ਰਸੋਈ ਗੈਸ ਅਭਿਆਨ ਤਹਿਤ ਮੁਫਤ ਗੈਸ ਦੇ ਚੁੱਲੇ ਦਿੱਤੇ ਜਾ ਰਹੇ ਹਨ, ਨੀਲੇ ਕਾਰਡ ਧਾਰਕ ਲਾਭਪਾਤਰੀਆਂ ਨੂੰ 2 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਸਮੇਂ ਸਿਰ ਰਾਸ਼ਨ ਦੀ ਵੰਡ ਕੀਤੀ ਜਾ ਰਹੀ ਹੈ। ਠਾਕੁਰ ਰਮੇਸ਼ ਚੰਦ, ਮਨਜੀਤ ਕੋਰ, ਸੰਗਤ ਰਾਮ, ਪ੍ਰਵੀਨ ਕੁਮਾਰ, ਯਸ਼ਪਾਲ ਸਰਮਾ ਅਤੇ ਨੀਲੇ ਕਾਰਡ ਧਾਰਕ ਲਾਭਪਾਤਰੀ ਵੀ ਇਸ ਮੋਕੇ ਤੇ ਹਾਜਰ ਸਨ।